Aglasem Schools CBSE

# MARKING SCHEME - PUNJABI (104)

## ਪੜਨ ਕੋਸ਼ਲ ਅੰਕ ਯੋਜਨਾ / ਪੜਤਾਲ ਯੋਜਨਾ - ਮਾਰਚ (2018)

ਜਮਾਤ - ਬਾਰਵੀਂ — Set - 4

ਵਿਸ਼ਾ - ਪੰਜਾਬੀ — Code No. 4

ਅੰਕ - 100

**ਆਮ ਹਦਾਇਤਾਂ:-**

- ਸਾਹਿਤ ਵਿਚ ਕੁਝ ਵੀ ਅੰਤਿਮ ਨਹੀਂ੍ਹ ਇਸ ਧਾਰਨਾ ਨੂੰ ਧਿਆਨ ਵਿਚ ਰੱਖਦੇ ਹੋਏ ਵਿਦਿਆਰਥੀ ਵਲੋ ਵੱਖ-ਵੱਖ ਤਰੀਕੇ ਨਾਲ ਦਿੱਤੇ ਗਏ ਬਹੁ-ਸੰਭਾਵੀ ਠੀਕ ਉੱਤਰਾਂ ਨੂੰ ਪ੍ਰਵਾਨ ਕਰਨ ਦੀ ਜੁਗਤ ਪ੍ਰੀਖਿਅਕ (examiner) ਅਪਨਾਉਣ ।
- ਭਾਸ਼ਾਈ ਅਸ਼ੁੱਧਤਾ ਨੂੰ ਮੁਲਾਂਕਣ ਪ੍ਰਕ੍ਰਿਆ ਦਾ ਕੱਟੜ (rigid) ਅਧਾਰ ਨਾ ਮੰਨ ਕੇ ਵਿਸ਼ਾ-ਸਮੱਗਰੀ (content) ਨੂੰ ਤਰਜੀਹ ਦਿੱਤੀ ਜਾਵੇ ।
- ਸ਼ਬਦ ਸੀਮਾਂ ਤੋਂ ਸੁਤੰਤਰ ਪ੍ਰਸ਼ਨਾਂ ਦੇ ਉੱਤਰ (To the Point) ਹੋਣ ਤਾਂ ਪੂਰੇ ਨੰਬਰ ਦਿੱਤੇ ਜਾਣ ।
- ਪ੍ਰਸ਼ਨ ਪੱਤਰ ਵਿਚਲੀਆਂ ਅਸ਼ੁੱਧੀਆਂ ਨੂੰ ਪ੍ਰੀਖਿਅਕ ਆਪ ਹੀ ਦਰੁਸਤ ਕਰਕੇ ਵਿਦਿਆਰਥੀ ਨੂੰ ਬਣਦਾ ਲਾਭ ਦੇਣ ।
- ਵਧੇਰੇ ਖੁੱਲ੍ਹੇ ਜਾਂ ਘੁਟਵੇਂ ਅੰਕ ਦੇਣ ਤੋ ਬਚਿਆ ਜਾਵੇ ਅਤੇ ਵਿਸ਼ਾ-ਸਮਗਰੀ ਅਤੇ ਨਿਯਮ ਅਨੁਸਾਰ ਬਣਦੇ ਅੰਕ ਦਿੱਤੇ ਜਾਣ ।
- ਵਿਦਿਆਰਥੀ ਦੁਆਰਾ ਲਿਖੇ ਗਏ ਕਿਸੇ ਉੱਤਰ ਨੂੰ ਲਿਖਣ ਉਪਰੰਤ ਕੱਟੇ ਜਾਣ ਦੀ ਸਥਿਤੀ ਵਿਚ ਜੇਕਰ ਉੱਤਰ ਸਹੀ ਵੀ ਹੋਵੇ ਤਾਂ ਵੀ ਅੰਕ ਨਾ ਦਿੱਤੇ ਜਾਣ
- ਉਪ-ਭਾਗਾਂ ਵਾਲੇ ਪ੍ਰਸ਼ਨਾਂ ਦੇ ਉੱਤਰ ਦੇ ਅੰਕ ਵੰਡ ਕੇ ਵੀ ਲਿਖੇ ਜਾਣ ਜਿਵੇ 1/2, 1/2 ਜਾਂ 1, 1 ਅਤੇ ਪੂਰਨ ਅੰਕ ਪ੍ਰਸ਼ਨ ਸੰਖਿਆ ਦੇ ਨਾਲ ਗੋਲੇ ਵਿਚ ਲਿਖੇ ਜਾਣ
- ਜੇਕਰ ਵਿਦਿਆਰਥੀ ਦੁਆਰਾ ਦਿੱਤਾ ਗਿਆ ਉੱਤਰ ਪੂਰਾ ਗਲਤ ਹੈ ਤਾਂ ਉਸ ਉੱਤੇ ਗਲਤ ਦਾ ਨਿਸ਼ਾਨ (x ) ਲਗਾ ਕੇ [O] ਅੰਕ ਦਿੱਤੇ ਜਾਣ ।
- ਪੂਰਾ ਠੀਕ ਅਤੇ ਸ਼ਾਨਦਾਰ ਉੱਤਰ ਪੂਰੇ ਅੰਕ ਹਾਸਲ ਕਰਨ ਦਾ ਹੱਕਦਾਰ ਹੈ ।
- ਚੋਣ ਅਧਾਰਿਤ ਪ੍ਰਸ਼ਨਾਂ ਵਿੱਚੋ ਜੇਕਰ ਲੋੜੀਦੇ ਪ੍ਰਸ਼ਨਾਂ ਤੋ ਵੱਧ ਪ੍ਰਸ਼ਨਾਂ ਦੇ ਉੱਤਰ ਦਿੱਤੇ ਗਏ ਹੋਣ ਤਾਂ ਵਿਦਿਆਰਥੀ ਦੁਆਰਾ ਦਿੱਤੇ ਗਏ ਵਧੇਰੇ ਉਚਿਤ, ਵਧੀਆਂ ਤੇ ਵੱਧ ਪ੍ਰਾਪਤ ਅੰਕਾਂ ਵਾਲੇ ਉੱਤਰ ਨੂੰ ਸਹੀ ਸਮਝਿਆ ਜਾਵੇ । ਫਾਲਤੂ ਉੱਤਰਾਂ ਉੱਤੇ ਵਾਧੂ ਜਾਂ O.A. ਲਿਖਿਆ ਜਾਵੇ ।
- ਅੰਕ ਯੋਜਨਾ ਜਾਂ ਮੁਲਾਂਕਣ ਯੋਜਨਾ ਪ੍ਰੀਖਿਅਕਾਂ (Examiners) ਦੀ ਵਿਅਕਤੀਗਤ ਨੂੰ ਘੱਟ ਕਰਨ ਲਈ, ਇਕਰੂਪਤਾ ਪ੍ਰਦਾਨ ਕਰਨ ਲਈ, ਅੰਕ ਸਮਾਨਤਾ ਲਈ ਅਤੇ ਨਿਯਮ-ਬੱਧ ਮੁਲਾਂਕਣ ਲਈ ਹੈ ।

ਨੋਟ - ਮੁਲਾਂਕਣ ਯੋਜਨਾ ਵਿਚ ਦਿੱਤੇ ਗਏ ਨੁਕਤਿਆਂ ਤੋ ਇਲਾਵਾ ਵੀ ਜੇਕਰ ਵਿਦਿਆਰਥੀ ਪ੍ਰਸ਼ਨ ਦੀ ਮੰਗ ਦੇ ਅਨੁਸਾਰ ਰਚਨਾਤਮਕ ਠੀਕ ਉੱਤਰ ਲਿਖਦਾ ਹੈ ਤਾਂ ਉਸ ਨੂੰ ਧਿਆਨ ਵਿਚ ਰੱਖਦੇ ਹੋਏ ਅੰਕ ਦਿੱਤੇ ਜਾਣ ।

ਨੋਟ - ਸੁਪਰੀਮ ਕੋਰਟ ਦੇ ਆਦੇਸ਼ ਅਨੁਸਾਰ ਵਿਦਿਆਰਥੀ ਆਪਣੀ ਉੱਤਰ ਕਾਪੀ ਦੀ ਫੋਟੋ ਕਾਪੀ ਨਿਰਧਾਰਤ ਫੀਸ ਕੇ ਲੈਣ ਦਾ ਹੱਕਦਾਰ ਹੈ । ਇਸ ਲਈ ਪ੍ਰੀਖਿਅਕ ਮਿੱਥੇ ਹੋਏ ਨਿਯਮਾਂ ਅਤੇ ਉੱਤਰ ਸੰਕੇਤਾਂ ਨੂੰ ਧਿਆਨ ਵਿਚ ਰੱਖ ਕੇ ਹੀ ਮੁਲਾਂਕਣ ਕਰਨ ।

Aglasem Schools CBSE

# MARKING SCHEME - PUNJABI (104)

## ਪੜਨ ਕੌਸ਼ਲ ਅੰਕ ਯੋਜਨਾ /ਪੜਤਾਲ ਯੋਜਨਾ - ਮਾਰਚ (2018)

ਜਮਾਤ - ਬਾਰਵੀਂ

ਵਿਸ਼ਾ - ਪੰਜਾਬੀ

Set - 4

Code No. 4

ਅੰਕ - 100

| | ਪ੍ਰਸ਼ਨ | ਕੁਲ ਅੰਕ | ਅੰਕ ਵੰਡ | ਸੰਕੇਤ / ਨੋਟ |
|---|---|---|---|---|
| 1 | **ਅਣਡਿੱਠਾ ਪੈਰ੍ਹਾ** | 10 | | ਵਿਦਿ: ਇਸ ਪ੍ਰਸ਼ਨ ਦੇ ਉੱਤਰ ਸੂਝ ਬੂਝ ਦੇ ਆਧਾਰ ਉਤੇ ਰਚਨਾਤਮਕ ਰੂਪ ਵਿੱਚ ਲਿਖ ਸਕਦੇ ਹਨ ਅਤੇ ਜਿਵੇ ਪੈਰ੍ਹੇ ਵਿਚ ਸਤਰਾਂ ਦਿੱਤੀਆ ਹਨ, ਤਿਵੇ ਵੀ ਲਿਖ ਸਕਦੇ ਹਨ । |
| (ੳ) | ਕਿਸੇ ਭਾਸ਼ਾ ਨੂੰ ਲਿਖਤੀ ਰੂਪ ਦੇਣ ਲਈ ਉਸ ਭਾਸ਼ਾ ਦੇ ਭਾਸ਼ਾਈ ਚਿੰਨ੍ਹਾਂ ਦੇ ਸਮੂਹ ਨੂੰ ਲਿਪੀ ਕਿਹਾ ਜਾਂਦਾ ਹੈ । | | 2 | |
| (ਅ) | ਵੇਦ- ਮੰਤਰ ਰਿਸ਼ੀਆਂ ਨੂੰ ਇਲਹਾਮ ਹੋਏ, ਭਾਵ ਇਹ ਰੱਬੀ ਬਾਣੀ ਹੈ । ਉਹਨਾਂ ਦੇ ਅਨਆਈਆਂ ਨੇ ਆਪਣੇ ਚਿੰਤ-ਮੰਦਰ ਵਿਚ ਚੇਤੇ ਰਾਹੀ ਸੰਭਾਲ ਕੇ ਰੱਖੇ, ਭਾਵ ਯਾਦ ਰੱਖੇ ਤੇ ਫੇਰ ਅੱਗੋ ਸੀਨਾਂ-ਬਸੀਨਾਂ ਇੱਕ ਪੀੜੀ ਤੋ ਦੂਜੀ ਪੀੜੀ ਤੱਕ ਮੌਖਿਕ ਰੂਪ ਵਿਚ ਤੁਰਦੇ ਆਏ, ਫਿਰ ਲਿਪੀ ਹੋਂਦ ਵਿਚ ਆਈ ਤੇ ਇਹ ਮੰਤਰ ਲਿਖਤੀ ਰੂਪ ਵਿਚ ਸਾਡੇ ਤੱਕ ਪਹੁੰਚੇ । | | 2 | |
| (ੲ) | ਵੇਦ ਅਤੇ ਉਪਨਿਸ਼ਦ ਗ੍ਰੰਥ ਸ਼ਰੁਤੀ ਵਰਗ ਨਾਲ ਸੰਬੰਧਤ ਹਨ । | | 2 | |
| (ਸ) | ਹਿੰਦੂ ਧਾਰਮਕ, ਗ੍ਰੰਥਾਂ ਨੂੰ ਦੋ ਵਰਗਾਂ ਵਿਚ ਵੰਡਿਆ ਗਿਆ ਹੈ । ਇੱਕ ਹੈ, ਸ਼ਰੁਤੀ ਅਤੇ ਦੂਜਾ ਸਮਰਿਤੀ । ਵੇਦ ਅਤੇ ਉਪਨਿਸ਼ਦ ਸ਼ਰੁਤੀ ਵਰਗ ਵਿਚ ਆਉਦੇ ਹਨ ਅਤੇ ਸਮਰਿਤੀਆਂ ਜਿਵੇ ਮਨੂਸਮਰਿਤੀ ਅਤੇ ਪੁਰਾਣ, ਸਮਰਿਤੀ ਵਰਗ ਵਿਚ ਆਉਦੇ ਹਨ । | | 2 | |
| (ਹ) | ਸੀਨਾ-ਬਸੀਨਾ - ਪੀੜ੍ਹੀ-ਦਰ-ਪੀੜ੍ਹੀ -ਮੌਖਿਕ ਰੂਪ ਵਿਚ<br>ਇਲਹਾਮੀ - ਰੱਬੀ, ਇਲਾਹੀ, ਧੁਰੋ ਆਦਿ | | 2 | |
| | | | 10 | |
| 2 | **(ਲੇਖ)**<br>ਭੂਮਿਕਾ / ਆਰੰਭ / ਸ਼ੁਰੂਆਤ<br>ਵਿਸ਼ਾ ਸਮੱਗਰੀ - (ਘੱਟੋ ਘੱਟ ਪੰਜ ਨੁਕਤੇ)<br>ਸਾਰਸ਼ੰ / ਸਿੱਟਾ | 10 | 1×1/2<br>7<br>1×1/2 | ਪੈਰ੍ਹੇ, ਵਿਚਾਰਾਂ ਦੀ ਤਰਤੀਬ ਕਥਨਾਂ ਦੀ ਵਰਤੋ ਅਖਾਣ ਮੁਹਾਵਰਿਆਂ ਦੀ ਵਰਤੋ ਕਵਿਤਾ ਦੇ ਟੁਕੜੇ ਆਦਿ |

| ਪ੍ਰਸ਼ਨ | ਕੁਲ ਅੰਕ | ਅੰਕ ਵੰਡ | ਸੰਕੇਤ |
|---|---|---|---|
| 3 **ਈ ਮੇਲ :** | 7 | | |
| ਈ ਮੇਲ ਲਈ ਬਣਿਆ ਬਾਕਸ ਜਾਂ ਹੱਦਬੰਦੀ | | 1 | ਬੱਚਿਆਂ ਦੀ ਸੂਝ-ਬੂਝ ਅਨੁਸਾਰ ਬਣਦੇ ਅੰਕ ਦਿੱਤੇ ਜਾਣ |
| To ਵਲ | | 1 | |
| Subject ਵਿਸ਼ਾ: ਵਿਦੇਸ਼ ਵਸਦੇ ਮਿੱਤਰ ਕੋਲ ਪਹੁੰਚਣ ਅਤੇ ਕੁਝ ਦੇਰ ਰਹਿਣ ਬਾਰੇ । | | 1 | |
| ਸੰਬੋਧਨ ਖਿੱਚ ਭਰਪੂਰ / ਆਕਰਸਕ ਵਰਨਣ | | 3 | |
| send ਤੇਰਾ ਦੋਸਤ | | 1 | |
| **ਜਾਂ** | | | |
| **ਇਸ਼ਤਿਹਾਰ :** | | | |
| ਇਸ਼ਤਿਹਾਰ ਲਈ ਬਣਿਆ ਬਾਕਸ ਜਾਂ ਹੱਦਬੰਦੀ | | 1 | |
| ਸਿਰਲੇਖ: ਪੁਰਾਣਾ ਫਰਨੀਚਰ ਵਿਕਾਊ ਹੈ | | 1 | |
| ਦਿਲਚਸਪ ਵਿਸ਼ਾ ਸਮੱਗਰੀ | | 4 | |
| ਨਾਮ, ਫੋਨ ਨੰਬਰ / ਪਤਾ | | 1 | |
| ੳ ਅ ੲ............. / ........... | | | |

| ਪ੍ਰਸ਼ਨ | ਕੁਲ ਅੰਕ | ਅੰਕ ਵੰਡ | ਸੰਕੇਤ |
|---|---|---|---|
| 4 **ਅਖਬਾਰ ਦੇ ਸੰਪਾਦਕ ਨੂੰ ਪੱਤਰ :** | 8 | | |
| ਪ੍ਰੀਖਿਆ ਭਵਨ,<br>............ਕੇਂਦਰ,<br>..............ਸ਼ਹਿਰ<br>3 ਅਪ੍ਰੈਲ, 2018 | | ਅਰੰਭ<br>2 | |
| ਸੇਵਾ ਵਿਖੇ<br>ਸੰਪਾਦਕ ਜੀ,<br>ਰੋਜ਼ਾਨਾ ਅਜੀਤ, /...... ਅਖਬਾਰ,<br>ਜਲੰਧਰ । /........ ਸ਼ਹਿਰ । | | ਵਿਸ਼ਾ | ਵਿਸ਼ਾ ਸਮੱਗਰੀ ਨੂੰ ਅਧਾਰ ਮੰਨ ਕੇ ਬਚਿਆਂ ਦੇ ਵਿਚਾਰਾਂ ਨੂੰ ਸਮਝਦੇ ਹੋਏ ਬਣਦੇ ਅੰਕ ਦਿੱਤੇ ਜਾਣ |
| ਵਿਸ਼ਾ ਫਿਰਕੂ ਕਤਲਾਂ ਬਾਰੇ ।<br>ਜਾਂ<br>ਦੀਵਾਲੀ ਦੇ ਮਹੱਤਵ ਬਾਰੇ । | | 1 | |
| ਸ੍ਰੀ ਮਾਨ ਜੀ,<br>ਵਿਸ਼ਾ ਸਮੱਗਰੀ / ਵਿਸ਼ੇ ਦਾ ਵਿਸਥਾਰ<br>........................................................................... | | ਵਿਸ਼ਾ ਸਮੱਗਰੀ<br>4 | |

Aglasem Schools CBSE

| | | | |
|---|---|---|---|
| .................................................<br>ਆਪ ਦਾ ਸ਼ੁਭਚਿੰਤਕ / ਹਿਤੂ<br>ਵਿਸ਼ਵਾਸਪਾਤਰ,<br>ੳ, ਅ, ੲ | | 1 | |
| ਪ੍ਰਸ਼ਨ | ਕੁਲ ਅੰਕ | ਅੰਕ ਵੰਡ | ਸੰਕੇਤ |
| **5 ਮੁਹਾਵਰੇ :** | 3 | 1 | ਜੇਕਰ ਵਿਦਿ: ਨੇ ਮੁਹਾਵਰੇ ਦਾ ਅਰਥ ਨਹੀਂ ਲਿਖਿਆ, ਪਰ ਵਾਕ ਵਿਚ ਅਰਥ ਸਪਸ਼ਟ ਹੋ ਰਿਹਾ ਹੈ ਤਾਂ ਪੂਰੇ ਅੰਕ ਦਿੱਤੇ ਜਾਣ । |
| (ੳ) ਨੱਕ ਵੱਟਣਾ:- ਪਸੰਦ ਨਾ ਕਰਨਾ<br>ਵਾਕ : | | | |
| (ਅ) ਦਾੜ ਹੇਰ ਆਉਣਾ:- ਕਾਬੂ ਆ ਜਾਣਾ, ਫਸ ਜਾਣਾ | | | |
| (ੲ) ਪੈਰ ਅੜਾਉਣੇ:- ਕਿਸੇ ਕੰਮ ਵਿਚ ਸ਼ੁਰੂਆਤੀ ਸਫਲਤਾ ਹਾਸਲ ਕਰਨੀ | 1 | + | |
| (ਸ) ਭੂੰਤਾਂ ਦੇ ਖੱਬਰ ਨੂੰ ਹੱਥ ਪਾਉਣਾ:- ਕਿਸੇ ਕੁੱਪਤੇ /ਭੈੜੇ / ਲੜਾਕੇ ਸੁਭਾਅ ਵਾਲੇ ਇਨਸਾਨ ਨਾਲ ਲੜਾਈ ਕਰਨੀ । | | | |
| (ਹ) ਵਾਲ-ਵਾਲ ਬਚਨਾ :- ਬੜੀ ਮੁਸ਼ਕਲ ਬਚਾਅ ਹੋਣਾ, ਬਹੁੱਤ ਘੱਟ ਫਰਕ ਤੇ ਬਚਾਅ | | | |
| **6** (1) (i) **ਸ਼ੁੱਧ ਸ਼ਬਦ:** | 6 | 2 | |
| (ਅ) ਸੌਣਾ<br>(ੳ) ਝਾੜੂ | | | |
| (ii) (ੳ) ਸਹੁਰਾ<br>(ਅ) ਗਹਿਣਾ | | 2 | |
| (iii) (ੳ) ਉਧਾਰ<br>(ਅ) ਲੱਭ | | 2 | |
| **7 ਵਿਸ਼ਰਾਮ ਚਿੰਨ੍ਹ:** | | | |
| "ਮੈ ਜਿੱਥੇ ਵੀ ਰਿਹਾ ਹਾਂ, ਨੇਕਨਾਮੀ ਹੀ ਲਈ ਹੈ, ਬਦਨਾਮੀ ਨਹੀਂ । ਇਸ ਸੰਬੰਧੀ ਤੁਸੀਂ ਮੇਰੇ ਕਿਸੇ ਜਾਣਕਾਰ ਪਾਸੋ ਵੀ ਪਤਾ ਕਰ ਸਕਦੇ ਹੋ , ਵੈਸੇ ਮੈਨੂੰ ਝੂਠ ਬੋਲਣ ਦੀ ਕੀ ਲੋੜ ਹੈ?" | 3 | 1/2×6 | ਕੋਈ ਛੇ ਵਿਸ਼ਰਾਮ ਚਿੰਨ ਲਗਾਉਣ ਜਰੂਰੀ ਹਨ । |
| **8 ਵਾਕ ਸ਼ੁੱਧੀ:** | | | |
| (ੳ) ਮੈ, ਤੂੰ ਤੇ ਉਹ ਖਾਣਾ ਖਾਣ ਜਾਵਾਂਗੇ । | 3 | 1 | |
| (ਅ) ਇਹ ਪਾਤਲੂ ਕੁੱਤਾ ਹੈ । / ਇਹ ਕੁੱਤਾ ਪਾਲਤੂ ਹੈ । | | | |
| (ੲ) ਸੀਤਾ ਨੇ ਆਖਿਆ, "ਮੈ ਸਕੂਲ ਨਹੀਂ ਜਾਣਾ ।" | | 1 | |
| ਸੀਤਾ ਨੇ ਆਖਿਆ, ਮੈ ਸਕੂਲ ਨਹੀਂ ਜਾਣਾ । | | 1 | |
| **9 ਕਾਵਿ-ਟੁਕੜੀ ਅਨੁਸਾਰ ਪ੍ਰਸ਼ਨਾਂ ਦੇ ਉੱਤਰ:** | 8 | | |
| (i) ਕਵੀ ਅਨੁਸਾਰ ਹੋਸ਼ ਮਨੁੱਖ ਨੂੰ ਤਰ੍ਹਾਂ-ਤਰ੍ਹਾਂ ਦੀਆਂ ਚਿੰਤਾਵਾਂ, ਤਣਾਓ ਤੇ ਫਿਕਰਾਂ ਵਿਚ ਪਾਈ ਰੱਖਦਾ ਹੈ ਪਰ ਮਸਤ ਮਨੁੱਖ ਆਪਣੀ ਮੌਜਮਸਤੀ, ਲੋਰ /ਮਸਤੀ ਵਿਚ ਰਹਿੰਦਾ ਹੈ । ਰੱਬ ਤੇ ਵਿਸ਼ਵਾਸ ਰੱਖਦਾ ਹੈ ਅਤੇ ਚਿੰਤਾਵਾਂ ਤੋ ਮੁਕਤ ਰਹਿੰਦਾ ਹੈ । | | 2 | ਰਲਦੇ-ਮਿਲਦੇ ਰਚਨਾਤਮਕ ਉੱਤਰਾ ਨੂੰ ਵੀ ਧਿਆਨ ਵਿਚ ਰੱਖਦਿਆਂ ਹੋਇਆਂ ਬਣਕੇ ਅੰਕ ਦਿੱਤੇ ਜਾਣ |

aglasem.com

| | ਪ੍ਰਸ਼ਨ | ਕੁਲ ਅੰਕ | ਅੰਕ ਵੰਡ | ਸੰਕੇਤ |
|---|---|---|---|---|
| (ii) | ਭਟਕਣ - ਭਟਕਣਾ, ਰਸਤੇ ਤੋ ਭਟਕ ਜਾਣਾ, ਭੰਬਲਭੂਸਿਆਂ ਵਿਚ ਪੈ ਜਾਣਾ ਆਦਿ । | | 2 | |
| | ਖੀਵੀ - ਮਸਤ, ਖੇੜੇ ਵਿਚ ਰਹਿਣਾ, ਲੋਰ, ਖੁਸ਼ੀ ਆਦਿ। | | | |
| (iii) | ਕਵੀ - ਭਾਈ ਵੀਰ ਸਿੰਘ | | 2 | |
| | ਕਵਿਤਾ - ਹੋਸ਼ ਮਸਤੀ | | | |
| (iv) | ਮਸਤੀ ਵਾਲੇ । ਖੁਸ਼ੀਆਂ-ਖੇੜੇ ਵਾਲੇ । ਰੱਬ ਤੇ ਵਿਸ਼ਵਾਸ ਵਾਲੇ ਜੀਵਨ ਦਾ ਸੰਦੇਸ਼ ਦਿੰਦੀਆਂ ਹਨ । | | 2 | |
| | **ਜਾਂ** | | | |
| (i) | ਪੁਰਾਤਨ ਵਿਸ਼ਵਾਸ ਧਰਤੀ ਬਲਦ ਦੇ ਸਿੰਗਾਂ ਤੇ ਅਤੇ ਧਰਮ ਦੇ ਆਸਰੇ ਖੜੀ ਹੈ, ਬਦਲ ਚੁੱਕੇ ਹਨ । ਅੱਜ ਤਾਂ ਧਰਤੀ ਦਾ ਸਾਰਾ ਬੋਝ, ਸਮਾਜ ਦੀਆਂ ਜ਼ਿੰਮੇਵਾਰੀਆਂ ਦਾ ਭਾਰ ਧੀ ਨੇ ਚੁੱਕਿਆ ਹੋਇਆ ਹੈ । | | 2 | |
| (ii) | ਹਿੰਦੂ / ਲੋਕ ਵਿਸ਼ਵਾਸ ਅਨੁਸਾਰ ਧਰਤੀ ਦੇ ਹੇਠਾਂ ਇਕ ਬਲਦ ਹੈ ਜਿਸ ਨੇ ਧਰਤੀ ਨੂੰ ਆਪਣੇ ਸਿੰਗਾਂ ਤੇ ਚੁੱਕਿਆ ਹੋਇਆ ਹੈ । | | 2 | |
| (iii) | ਕਿ ਹੁਣ ਬਲਦ ਅਤੇ ਧਰਮ ਦੀ ਥਾਂ ਤੇ ਧੀ ਸਮਾਜ ਦੀਆਂ ਸਾਰੀਆਂ ਜ਼ਿੰਮੇਵਾਰੀਆਂ ਦਾ ਬੋਝ ਚੁੱਪਚਾਪ ਚੁਕਦੀ ਹੈ / ਸਹਿੰਦੀ ਹੈ । | | 2 | |
| (iv) | ਕਵੀ - ਡਾ. ਹਰਿਭਜਨ ਸਿੰਘ | | 2 | |
| | ਕਵਿਤਾ - ਧੀ | | | |
| **10** | **ਪ੍ਰਸੰਗ ਸਹਿਤ ਵਿਆਖਿਆ ਕਰੋ:** | 7 | | |
| | ਪ੍ਰਸੰਗ: ਪਾਠ ਪੁਸਤਕ:- ਕਾਵਿ ਯਾਤਰਾ: ਕਵੀ ਦਾ ਨਾਂ - ਪ੍ਰੋ. ਮੋਹਨ ਸਿੰਘ ਕਵਿਤਾ- ਨਿੱਕਾ ਰੱਬ ਕਵਿਤਾ ਦੇ ਵਿਸ਼ੇ ਨਾਲ ਸੰਖੇਪ ਜਾਣ-ਪਛਾਣ । | | 3 | |
| | **ਵਿਆਖਿਆ** - ਵਿਦਿਆਰਥੀ ਸਮਝ / ਸੂਝ-ਬੂਝ ਦੇ ਆਧਾਰ ਤੇ ਕਰਨਗੇ । | | 4 | |
| | **ਜਾਂ** | | | |
| | **ਪ੍ਰਸੰਗ:-** ਪਾਠ ਪੁਸਤਕ:- ਕਾਵਿ- ਯਾਤਰਾ - ਕਵੀ ਦਾ ਨਾਂ - ਸੁਰਜੀਤ ਪਾਤਰ **ਕਵਿਤਾ ਗ਼ਜ਼ਲ** - ਕਵਿਤਾ ਦੇ ਵਿਸ਼ੇ ਨਾਲ ਸੰਖੇਪ ਜਾਣ-ਪਛਾਣ । | | 3 | |
| | **ਵਿਆਖਿਆ** :- ਵਿਦਿਆਰਥੀ ਰਚਨਾਤਮਕ ਸਮਝ / ਸੂਝ-ਬੂਝ ਦੇ ਆਧਾਰ ਤੇ ਕਰਨਗੇ | | 4 | |
| **11** | **ਵਾਰਤਾਲਾਪ ਅੰਸ਼ਾਂ ਦੇ ਉੱਤਰ:** | 3 | | |
| (i) | ਪਿਆਰ ਨਾਲ ਨਰਾਜ਼ਗੀ ਜਤਾਉਣੀ / ਪਿਆਰ ਨਾਲ ਉਲਾਂਭਾ ਦੇਣਾ | | 1 | |
| (ii) | ਇਕਬਲਾ ਘੋਗੇ ਨੂੰ ਮਿਲਣ ਕਿਉ ਨਹੀਂ ਆਉਂਦਾ? | | 1 | |

Aglasem Schools CBSE

| ਪ੍ਰਸ਼ਨ | | ਕੁਲ ਅੰਕ | ਅੰਕ ਵੰਡ ਸੰਕੇਤ |
|---|---|---|---|
| (iii) ਪਿਆਰ, ਮਮਤਾ ਤੇ ਫਿਕਰ ਵਾਲੀ ਭਾਵਨਾਂ | | 1 | |
| **ਜਾਂ** | | | |
| (i) ਉਸਨੂੰ ਲਗਦਾ ਸੀ ਕਿ ਪੜ੍ਹਾਈ ਕਰਨ ਵਾਲੀ ਦਵਾਈ ਮਿਲ ਗਈ ਹੈ ਜਿਸ ਨਾਲ ਉਹ ਸਫਲ ਹੋ ਜਾਵੇਗਾ । | 3 | 1 | |
| (ii) ਪ੍ਰਾਕ੍ਰਿਤੀ ਵਿਗਿਆਨ ਖੋਜ ਕੇਂਦਰ ਵਾਲੇ ਬਾਬਾ ਜੀ ਨੇ / ਬਾਬਾ ਜੀ ਨੇ / ਵਿਗਿਆਨੀ ਨੇ ਆਦਿ । | | 1 | |
| (iii) ਪੈਰ ਜ਼ਮੀਨ ਤੇ ਨਾ ਲੱਗਣਾ / ਬਹੁੱਤ ਖੁਸ਼ ਹੋਣਾ / ਉਡਦੇ ਫਿਰਨਾ, ਖੁਸ਼ੀ ਦੇ ਭਾਵ ਆਦਿ । | | 1 | |
| **12 ਨਾਵਲ ਨਾਲ ਸੰਬੰਧਿਤ:** | | | |
| **ਭੂਮਿਕਾ:-** ਨਾਵਲ ਦਾ ਨਾਂ, ਨਾਵਲਕਾਰ ਦਾ ਨਾਂ, ਘੋਗੇ ਦੀ ਸੰਖੇਪ ਜਾਣਕਾਰੀ । | 7 | 2 | |
| **ਵਿਸ਼ਾਵਸਤੂ** + ਦਿਸ਼ਾਹੀਣ ਹੋਣ ਦੇ ਕਾਰਨ ਜਿਵੇ ਆਲਸੀ, ਆਖੇ ਨਾ ਲੱਗਣਾ, ਝੂਠ ਬੋਲਣਾ, ਸੁਆਰਥੀ , ਮਨਮਰਜੀ ਕਰਨ ਵਾਲਾ, ਨਿਡਰ, ਕਲਪਨਾ ਦੀ ਦੁਨੀਆ ਵਿਚ ਰਹਿਣ ਵਾਲਾ, ਯਥਾਰਥ ਤੋ ਭੱਜਣ ਵਾਲਾ, ਮਾਂ ਨਾਲ ਪਿਆਰ ਕਰਨ ਵਾਲਾ, ਪਰੇਸ਼ਾਨ ਪਾਤਰ । ਆਦਿ । ਕਾਮਯਾਬੀ ਦੀ ਇੱਕੋ ਦਿਸ਼ਾ -ਮਿਹਨਤ ਕਰਨ ਦੇ ਮਹੱਤਵ ਨੂੰ ਨਾ ਸਮਝਣ ਕਰਕੇ ਦਿਸ਼ਾਹੀਣ ਹੋਣ ਵਾਲਾ ਆਦਿ | | 4 | |
| ਸਾਰ-ਅੰਸ਼ | | 1 | |
| **ਜਾਂ** | | | |
| **ਭੂਮਿਕਾ:-** ਨਾਵਲ ਦਾ ਨਾਂ, ਨਾਵਲਕਾਰ ਦਾ ਨਾਂ, ਨਾਵਲ ਦੇ ਮੁੱਖ ਪਾਤਰ ਘੋਗੇ ਦੀ ਨਾਵਲ ਵਿਚ ਸਥਾਨ ਬਾਰੇ ਜਾਣਕਾਰੀ, ਘੋਗੇ ਦਾ ਵਿਵਹਾਰ / ਪਾਤਰ ਚਿਤਰਨ | 7 | 2 | |
| • ਮੁਖ-ਪਾਤਰ<br>• ਮਿਹਨਤ ਤੋ ਭੱਜਣ ਵਾਲਾ<br>• ਕੰਮ-ਚੋਰ<br>• ਕਹਿਣਾ ਨਾ ਮੰਨਣ ਵਾਲਾ<br>• ਝੂਠਾ | | 4 | |

| ਪ੍ਰਸ਼ਨ | ਕੁਲ ਅੰਕ | ਅੰਕ ਵੰਡ | ਸੰਕੇਤ |
|---|---|---|---|
| • ਫਿਰਤੂ | | | |
| • ਸੁਆਰਥੀ | | | |
| • ਮਨਮੱਤੀਆ | | | |
| • ਕਲਪਨਾ ਦੀ ਦੁਨੀਆ ਵਿਚ ਰਹਿਣ ਵਾਲਾ | | | |
| • ਅਸਲੀਅਤ ਦਾ ਮੁਕਾਬਲਾ ਕਰਨ ਵਿਚ ਅਸਮਰੱਥ | | | |
| • ਪਰੇਸ਼ਾਨੀ ਦਾ ਮਾਰਿਆ, ਪਿਉ ਵਿਹੂਣਾ | | | |
| • ਮਾਂ ਨਾਲ ਪਿਆਰ ਕਰਨ ਵਾਲਾ ਆਦਿ | | | |
| • ਸਾਰੰਸ਼ / ਸਿੱਟਾ | | 1 | |
| 13 **ਕਥਾਂ-ਅੰਸ਼ਾਂ ਦੇ ਪ੍ਰਸ਼ਨ - ਉੱਤਰ:-** | | | |
| (i) ਹਰਬੇਲ ਸਿੰਘ ਦਾ ਅਚਾਨਕ ਬਿਮਾਰ ਹੋ ਜਾਣਾ / ਉਸ ਦਾ ਦਾ ਵਹਿਮ / ਮਾਨਸਿਕ ਪ੍ਰਸ਼ਾਨੀ ਆਦਿ । | 5 | 2 | |
| (ii) ਕਿ ਰੋਲ ਨੰਬਰ ਇਕ, ਦੋ, ਤਿੰਨ ਦੀ ਮੌਤ ਹੋ ਗਈ ਹੈ ਅਤੇ ਉਸ ਦਾ ਰੋਲ ਨੰਬਰ (ਦਸਵੀਂ ਜਮਾਤ ਅਨੁਸਾਰ) ਚਾਰ ਸੀ ਅਤੇ ਹੁਣ ਮੌਤ ਦੀ ਵਾਰੀ ਉਸ ਦੀ ਹੈ । | | 2 | |
| (iii) ਵਿਆਹ ਦੀ ਤਰੀਕ ਪੱਕੀ ਹੋਣੀ । ਵਿਆਹ ਰੱਖਿਆ ਹੋਣਾ ਆਦਿ । | | 1 | |
| **ਜਾਂ** | | | |
| i) ਇਕ ਦਿਨ ਰੌਣਕੀ ਮੱਲ ਦਾ ਬਹੁਤ ਸਾਰਾ ਕੱਪੜ ਵਿਕ ਗਿਆ ਤੇ ਕੁੱਝ ਲੋਕਾਂ ਨੇ ਉਧਾਰ ਲਏ ਪੈਸੇ ਵੀ ਮੋੜ ਦਿੱਤੇ ਅਤੇ ਉਸ ਕੋਲ ਸੌ ਰੁਪਏ ਬਣ ਗਏ। ਫਿਰ ਉਸ ਨੇ ਸ਼ਰਾਬ ਦੇ ਠੇਕੇ ਤੋ ਸੌ ਦੇ ਖੁੱਲੇ ਪੈਸੇ ਦੇ ਬਦਲੇ ਇਕ ਬੱਝਾ ਸੌ ਦਾ ਨੋਟ ਲੈ ਲਿਆ। | 5 | 2 | |
| ii) ਉਤਸੁਕਤਾ ਕਾਰਨ। ਕਿਉਕਿ ਉਸਨੇ ਸੌ ਦਾ ਨੋਟ ਪਹਿਲੀ ਵਾਰ ਦੇਖਿਆ ਸੀ ਅਤੇ ਉਹ ਬਾਰ-ਬਾਰ ਉਸ ਨੂੰ ਦੇਖਦਾ ਹੈ। | | 2 | |
| iii) ਨੀਂਦ ਨਾ ਆਉਣੀ। ਬੇਚੈਨੀ ਆਦਿ। | | 1 | |

aglasem.com

Aglasem Schools CBSE

| | ਪ੍ਰਸ਼ਨ:- | ਕੁੱਲ ਅੰਕ | ਅੰਕ ਵੰਡ | ਸੰਕੇਤ |
|---|---|---|---|---|
| 14 | ਕਹਾਣੀਕਾਰ ਦਾ ਨਾਂ- ਵਰਿਆਮ ਸੰਧੂ<br>ਸਮੱਸਿਆ-<br>• ਰਿਸ਼ਤਿਆਂ ਦੀ ਟੁੱਟ-ਭੱਜ<br>• ਪੈਸਾ ਪ੍ਰਧਾਨ<br>• ਮਾਪਿਆਂ ਦੀ ਦੁਰਦਸ਼ਾ<br>• ਸੁਆਰਥੀ ਲੋਕ<br>• ਛੋਟੀ ਕਿਰਸਾਣੀ ਦਾ ਸੰਤਾਪ ਆਦਿ<br>ਜਾਂ<br>ਕਹਾਣੀ- ਵਹਿੰਗੀ<br>ਕਹਾਣੀਕਾਰ- ਚੰਦਨ ਨੇਗੀ<br>ਵਿਸ਼ਾ ਸਮੱਗਰੀ- ਜੇਲਾਂ ਕੱਟੀਆਂ<br>1. ਦੇਸ਼ ਪ੍ਰੇਮੀ<br>2. ਨਿਰਸੁਆਰਥ ਪੈਨਸ਼ਨ ਨਹੀਂ ਲਈ<br>3. ਪੁੱਤਾਂ ਹੱਥੋਂ ਦੁੱਖੀ<br>4. ਅਣਖੀ ਪਰ ਮਜ਼ਬੂਰ<br>5. ਮਿਹਨਤੀ ਪਰ ਹਾਲਾਤਾਂ ਦਾ ਸਤਾਇਆ ਆਦਿ। | 5<br>5 | 1<br>4<br>1<br>4 | |
| 15 | 'ਗੁਰਮਤਿ ਕਾਵਿ' ਦੀਆਂ ਪ੍ਰਮੁੱਖ ਵਿਸ਼ੇਸ਼ਤਾਵਾਂ-<br>ਆਰੰਭ- ਆਮ ਜਾਣਕਾਰੀ- ਗੁਰੂ ਨਾਨਕ ਦੇਵ, ਗੁਰੂ ਅੰਗਦ ਦੇਵ, ਗੁਰੂ ਅਮਰਦਾਸ, ਗੁਰੂ ਰਾਮਦਾਸ, ਗੁਰੂ ਅਰਜਨ ਦੇਵ, ਗੁਰੂ ਤੇਗ ਬਹਾਦਰ, ਭਗਤਾਂ ਭੱਟਾਂ ਦੀ ਬਾਣੀ ਦਾ ਅਤਿ ਸੰਖੇਪ ਹਵਾਲਾ ਦੇਂਦਿਆਂ ਗੁਰਮਤਿ ਕਾਵਿ ਦੀ ਖਾਸੀਅਤ ਜਿਵੇਂ-<br>1. 1430 ਪੰਨਿਆਂ ਵਿੱਚ ਪ੍ਰਮਾਣਿਕ ਰੂਪ ਵਿਚ ਪ੍ਰਾਪਤ<br>2. ਧਰਮ ਨਿਰਪੱਖਤਾ ਦੀ ਮਿਸਾਲ<br>3. ਰਾਗ-ਬੱਧ, ਸੰਗੀਤ-ਬੱਧ<br>4. 31 ਰਾਗ<br>5. ਮਹਾਨ ਵਿਅਕਤੀਆਂ ਦੁਆਰਾ ਲੋਕਾਂ ਦੀ ਭਲਾਈ ਲਈ ਰਚਿਆ ਗਿਆ ਹੈ<br>6. ਮਹਾਨ ਵਿਸ਼ੇ ਤੇ ਅਟੱਲ ਸਚਾਈਆਂ<br>7. ਸੰਸਾਰ ਦੀ ਨਾਸ਼ਮਾਨਤਾ, ਇੱਕ ਪ੍ਰਮਾਤਮਾ ਦਾ ਸੰਕਲਪ ਸੱਚ ਨੂੰ ਮਹਾਨਤਾ, ਕਿਰਤ ਕਰਮ ਦੀ ਮਹੱਤਤਾ, ਜੀਵਨ-ਮਰਨ, ਵਰਨ-ਭੇਦ ਤੇ ਪ੍ਰਚਲਨ | 10 | | |

Aglasem Schools CBSE

| | | | | |
|---|---|---|---|---|
| | ਮਤਾਂ ਦਾ ਅਧਿਐਨ<br>8. ਬੁਰਾਈਆਂ ਦਾ ਖੰਡਨ, ਸਦਾਚਾਰਕ ਗੁਣਾਂ ਨੂੰ ਅਪਣਾਉਣ ਦੀ ਪ੍ਰੇਰਨਾ<br>9. ਮਾਲਾ ਤੋਂ ਤਲਵਾਰ ਤੱਕ ਦਾ ਮਹਾਂ-ਸਫ਼ਰ<br>10. ਆਤਮਾ ਤੇ ਪਰਮਾਤਮਾ ਦੇ ਆਪਸੀ ਸੰਬੰਧਾਂ ਦਾ ਅਧਿਐਨ<br>11. ਵੰਡ ਛਕਣ ਦੀ ਮਹਾਨਤਾ<br>12. ਸਵੱਛ ਜੀਵਨ ਦੀ ਪ੍ਰੇਰਨਾ<br>13. ਵੱਖ-ਵੱਖ ਕਾਵਿ-ਰੂਪ ਅਤੇ ਵੰਨ ਸੁਵੰਨੀਆਂ ਭਾਸ਼ਾਵਾਂ ਦੇ ਨਮੂਨੇ<br>14. ਤਤਕਾਲੀਨ ਸਮਾਜ ਤੇ ਹਾਲਾਤਾਂ ਦੇ ਇਤਿਹਾਸਕ ਹਵਾਲੇ<br>15. ਦੁਨੀਆਂ ਭਰ ਦੇ ਉੱਚ ਕੋਟੀ ਦੇ ਅਧਿਆਤਮਕ ਸਾਹਿਤ ਵਿੱਚ ਮਹੱਤਵਪੂਰਨ ਸਥਾਨ ਆਦਿ।<br>ਜਾਂ<br>ਭੂਮਿਕਾ:- ਸੂਫ਼ੀ ਕਾਵਿ ਨਾਲ ਸੰਖੇਪ<br>ਜਾਣ-ਪਹਿਚਾਣ ਸ਼ੁਰੂਆਤ ਬਾਬਾ ਫ਼ਰੀਦ<br>ਸ਼ਾਹ ਹੁਸੈਨ<br>ਬੁੱਲੇ ਸ਼ਾਹ ਬਾਰੇ ਆਮ ਜਾਣਕਾਰੀ<br>ਬਾਕੀ ਸੂਫੀ ਕਵੀਆਂ ਜਿਵੇਂ ਸ਼ਾਹ ਸ਼ਰਫ, ਸੁਲਤਾਨ ਬਾਹੂ , ਵਜੀਦ ਤੇ ਗੁਲਾਮ ਫਰੀਦ ਦੀ ਕਵਿਤਾ ਨਾਲ ਅੰਤ। (ਸੰਖੇਪ ਵਿੱਚ) | | | |
| | ਜਾਂ<br>ਸੂਫ਼ੀ ਵਿਚਾਰਧਾਰਾ ਜਾਂ ਵਿਸ਼ੇਸ਼ਤਾਈਆਂ ਸਾਰੇ ਕਵੀ ਅਧਿਆਤਮਵਾਦੀ<br>• ਪੰਜਾਬੀ ਦੀ ਮੁੱਢਲੀ ਕਾਵਿ ਧਾਰਾ<br>• ਖੁਦਾ ਦੀ ਪ੍ਰਾਪਤੀ ਦਾ ਮਾਰਗ ਪ੍ਰੇਮ<br>• ਇਸ਼ਕ ਮਜਾਜ਼ੀ ਤੋਂ ਇਸ਼ਕ ਹਕੀਕੀ ਤੱਕ<br>• ਸੰਸਾਰ ਪੇਕਾ ਘਰ ਤੇ ਖੁਦਾ ਦੀ ਦਰਗਾਹ ਸਹੁਰਾ ਘਰ<br>• ਸੰਸਾਰ ਵਿੱਚ ਰਹਿੰਦਿਆਂ ਚੰਗੇ ਅਮਲ ਕਰਨ ਦੀ ਪ੍ਰੇਰਨਾ<br>• ਸਾਰੇ ਕਵੀ ਸਰੋਤਾ-ਮੁਖੀ<br>• ਸਾਰੇ ਸੂਫ਼ੀ ਕਵੀਆਂ ਨੇ ਪੰਜਾਬ ਦੀ ਲੋਕ ਭਾਸ਼ਾ ਪੰਜਾਬੀ ਵਿੱਚ ਰਚਨਾ ਕੀਤੀ।<br>• ਪੰਜਾਬੀ ਕਾਵਿ-ਰੂਪਾਂ ਦੀ ਵਰਤੋਂ ਅਤੇ ਪੰਜਾਬੀਆਂ ਦੇ | | | |

| | | | | |
|---|---|---|---|---|
| | ਘਰੋਗੀ ਜੀਵਨ ਵਿਚੋਂ ਚਿੰਨ, ਬਿੰਬ ਤੇ ਪ੍ਰਤੀਕ ਲਏ।<br>• ਮਸਤੀ ਦਾ ਆਲਮ<br>• ਕਾਫ਼ੀ, ਸੀਹਰਫ਼ੀ, ਬਾਰਾਮਾਂਹ, ਦੋਹੜੇ, ਸਤਵਾਰੇ ਤੇ ਸਲੋਕ ਲਿਖੇ ਗਏ<br>• ਬਾਬਾ ਫ਼ਰੀਦ ਦੇ 112 ਸਲੋਕ ਤੇ 4 ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸ਼ਾਮਲ ਆਦਿ। | | | |
| 16 | ਵਿਦਿਆਰਥੀ ਆਪਣੀ ਸਮਝ ਅਤੇ ਸੂਝ ਅਨੁਸਾਰ ਸਮਾਜ ਵਿਚਲੀਆਂ ਸਥਿਤੀਆਂ ਨੂੰ ਸੁਚੱਜੀਆਂ ਕਦਰਾਂ ਕੀਮਤਾਂ ਦੇ ਅਧਾਰ ਤੇ ਉੱਤਰ ਲਿਖੇਗਾ। | 5 | | |